# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. 2 (ਐਜੂਕੇਸ਼ਨ) ਸਮੈਸਟਰ ਚੌਥਾ

ਪੇਪਰ : ਚੌਥਾ (ਆਪਸ਼ਨ ਪਹਿਲੀ) (ਸੰਮਲਿਤ ਸਿੱਖਿਆ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

1.1 ਸੰਮਲਿਤ ਸਿੱਖਿਆ ਦਾ ਅਰਥ, ਧਾਰਨਾ ਤੇ ਮਹੱਤਵ

1.2 ਸੰਮਲਿਤ ਸਿੱਖਿਆ : ਅਰਥ, ਨੀਤੀਆਂ, ਅਧਿਆਪਨ ਵਿਧੀਆਂ

**Department website : www.pbidde.org**

**Lesson No. 1.1** **Writer: Meenu Rohilla**

# Inclusive Education

**STRUCTURE**

1.1.1 Introduction
1.1.2 Objectives
1.1.3 Concept and meaning of Inclusive Education
1.1.4 Teaching Strategies for Inclusive Education
1.1.5 Creating conductive environment for Inclusive Schools
1.1.6 Difference between special and integrated education
1.1.7 Conclusion
1.1.8 Suggested Questions
1.1.9 Suggested Books

## 1.1.1 Introduction

Inclusion is an approach that seeks to address the learning needs of all children youth and adults with specific focus on those who are vulnerable, marginalized and excluded. The principle of Inclusive Education was adopted at Salamanca

World Conference on Special Education Needs (UNICEF 1994) and was restated at Dakar World Education Forum (UNESCO 2004).

Inclusion is seen as a process of addressing and responding to the diversity of needs of all learners through increasing participation in learning community. The basic concept of Inclusive education hinges on understanding diverse needs of children in the education system, and how responsive is the education system to meet these needs of learners in a given community.

## 1.1.2 Objectives

After reading this chapter the students will be able :-

1. To know meaning of Inclusive education.
2. To know strategies for teaching Inclusive education.
3. How to create conductive environment in Inclusive Schools.

### 1.1.3 Meaning and Concept of Inclusion

Inclusion is an approach that seeks to address the learning needs of all children youth and adults with specific focus on those who are vulnerable, marginalized and excluded. The principle of Inclusive Education was adopted at Salamanca

World Conference on Special Education Needs (UNICEF 1994) and was restated at Dakar World Education Forum (UNESCO 2004).

Inclusion is seen as a process of addressing and responding to the diversity of needs of all learners through increasing participation in learning community. The basic concept of Inclusive education hinges on understanding diverse needs of children in the education system, and how responsive is the education system to meet these needs of learners in a given community.

**Meaning of Inclusive Education**

Inclusive education means all children, young people and adults, who are disabled, nondisabled and disaffected ( a learning problem arising due to social issues ), being able to learn together in regular education setting form child hood to adulthood or in community education settings, with appropriate networks of support. IE, in the Indian context, is either casual inclusion or inclusion by default or both in many rural schools. There seems to be general perception among parents "if my child is not in the neighborhood school, where else can I send her /him?"

**The focus, in the concept and meaning of Inclusive Education, is on the:**

- Child
- Education System and
- Community

**The Child**

It is becoming more and more clear that a number of groups remain particularly vulnerable, not least children with disabilities and others who for a variety of reasons experience barriers to learning within the existing arrangements. These may include:

- Children with special needs
- Children with severe special needs requiring additional support, who may be already in schools, but might not achieve adequately; and
- Children who are not enrolled in school, but could participate, if alternative forms of schooling in their community were made available.

The immense variety of regional, cultural and social contexts in which learning has to be facilitated for all learners represents a challenge, which defies a single

solution. It necessitates the need for determining differing modalities for inclusion. The concern is to make schools effective for ALL children.

**Looking into Diversity**

Inclusive Education is more than including the child with special needs in a regular school. It also implies examining the many other exclusionary practices within society and its schools. The issue of inclusion is not concerned with how a relatively small group of pupils might learn along with others, but it lays the foundation for an approach that could lead to the transformation of the system and the society. Inclusion enables effective teaching practice for all.

Inclusive education is concerned with providing quality education, with special emphasis on all marginalized groups who experience barriers to learning and participation. They include not only those within the system who have not received the kind of education required to meet their unique learning needs, but many who are outside the system who have no access to education and require support to unfold their potentials.

Who forms this diverse group will clearly vary from time to time, from location to location. Scattered population of CWSN in a community is a major challenge for Inclusion. It is observed that in a classroom on an average, there are 4-6 children with special educational needs. There are CWSN who are included in the classroom with least resource support, but there may be more severely disabled children who may require additional support. Generally, children with disabilities are considered by many, as lacking the required potential to learn. They are judged by their physical appearance or their mode of communication. They are also excluded because of a lack of resources. Inclusion is a broader team involving attitudinal transformation, so that teachers and all the others involved are motivated to provide the required input and support services.

**Education System - Taking Education to All**

Formal and informal education, though overtly designed to facilitate learning, comprises a range of barriers to learning and participation for CWSN. These could be structural, pedagogical, temporal, conceptual, epistemological, professional, financial or attitudinal.

The barriers can be located within the learners, within the education system, within the families and within the broader social, economic and political context.

These barriers manifest themselves in different ways and only become obvious when learning breakdown occurs, when learners drop out of the system or do not join it.

Equally important is to recognize taking education to all. There might be a situation when the child cannot reach the school. How does education reach this child? It is important to consider that often the indigenous solutions have come about through efforts of parents, educators, policy makers etc., while trying to demolish barriers to learning.

### 1.1.4 Role of Teachers

Teachers are the backbone for developing Inclusive practices. They can make or mar inclusion. Teachers need to develop the capacity to improve and adjust the curriculum to deliver educational programs, which are appropriate for all children. A shift in philosophy is needed from a focus on deficits to an understanding that all children are capable of learning. Rather than placing responsibility for failure on the child or the environment, the task is to specify the conditions under which diverse students can achieve optimal learning success.

The school and the classroom provide space to the teachers to carry out inclusive practices, such as class-room transactions which includes pedagogical processes and instructional material used for effective teaching, besides a friendly environment**.** Often in the past, schools tended to ignore the diverse needs of learners. The practice of inclusive education hinges on an understanding of this diversity among learners and planning sustainable educational provisions responding to specific situations.

**a. Community**

Often, the education system is unable to respond to the life style of the community, barriers to learning, thus arise.

**b. Empowering Parents**

At times, parent's and community involvement poses to be a barrier, since the parents and community members might themselves often experience marginalization due to living in poverty, or in isolated communities, or as members of ethnic and linguistic minorities. Most often, they are uneducated and feel they have nothing to contribute to the schooling process. While legislative protection is an important basis for parents involvement, it is not enough in itself. If, however, education is seen as entirely the province of professionals, then parents and the wider community have little to contribute and school-family-community partnerships are likely to be little more than token gestures, if they exist at all.

Building partnerships, therefore, depends on an acceptance that parents and the community are heterogeneous and have a real contribution to make. It is essential to understand the local issues and their needs and develop parents and community

participation towards bringing about the change in the education of CWSN. Any change may be possible through empowering the communities and the parents. There are examples of developing accessibility for schools through community participation like ramps made by School Development and Management Committee (SDMC) in the State of Karnataka.

In different parts of the country, especially in the large majority of rural area, the system is not hindered by a legacy of segregation, there is more community solidarity, and over the years developed ways of utilizing existing resources. Examples of good policy and practices in inclusive education exist and excellent initiatives are taking place at the community level. There is evidence of 'spontaneous inclusion' in many rural areas where the issue often is that if the child is not taken in the only existing government school, then where else would the child go? Children are being educated in multi-grade classrooms, large classes, in AIE/EGS etc. A movement gaining momentum is the 'child friendly school', which imparts education using child-centred methods and processes by creating

learning situations appropriate for each child and making learning a joyful experience. A number of experiments have already helped develop the basic fabric of child friendly inclusion, which needs to be fostered further for Education for All.

***Meaning of Inclusion clearly states that it is not the children who ought to change; we have to change; it is the education that need to respond to the needs of the children and their communities.***

**Special Services**

Thus, far the needs of mildly disabled children have been dealt with. Some children may have more severe problems requiring special services of a resource or an itinerant teacher to assist the regular teacher classroom. To illustrate a moderately or severely hearing impaired child will need to be taught language in a special way, also requiring a specific therapy. The resource teacher can teach the regular classroom teacher how to do this or where necessary, can take the children out in a special room or even seat them under a tree to teach them lip-reading and other techniques of learning language. The only disadvantage in seating the hearing-impaired children in the open ground is that the ambient noise may prevent them from using their hearing aids efficiently. Therefore, in some cases, the schools may have to reserve a special room where children with disabilities can be taken for their lessons.

The same applies to visually impaired children who may need to be taught Braille, use of special mathematical frame and a special drawing device to cover the entire

curriculum. For them too, a special room would be advisable. Inclusive education cannot be effective without appropriate support services. Therefore, schools must be prepared to obtain the services of special teachers to teach special skills.

Such teachers can be obtained from nearby special schools or they can be appointed at a block or cluster level. Many children with disabilities require special equipment for their education. The school system must identify sources of supply so that no child's education is affected for want of an assistive device. In fact, the PWD Act envisages the provision of equipment to children with special needs free of charge. Moreover, it becomes all the more important, if the Constitutional Guarantee of Education for All children between 6-14 years of age is to be fulfilled. It will be advisable to provide equipment and other assistance to children with disabilities for good quality inclusion.

**Preparing Teaching-Learning Material**

It may be re-iterated that the need to concretize every concept is very crucial. This can best be done by preparing special teaching learning material (TLM). For example, if the concept of an elephant is to be taught to a blind child, it can be done by preparing a toy model of an elephant out of the locally available clay, wood or any other low cost/no cost material. Similarly, if the map of India is to be taught to a blind or a visually impaired child, an embossed map should be made available in the class. On the same principle, the concept of an elephant is to be clarified to a deaf child. It may be useful to prepare a flash card with the picture of an elephant and the word elephant written beside. The foregoing are only a few examples of TLM that could be prepared to teach children with disabilities. An imaginative teacher can prepare a great deal of TLM to teach children with different needs. It may be advisable to prepare special illustrated textbooks to make teaching more interesting and enjoyable. This has been tried out in some States. By making books more interesting, the children focus and retain better. Concepts also become much more clear.

### 1.1.5 Teaching Strategies for inclusive education

At times, inclusion teachers work with the whole class, small groups, and individual students. Baseline levels inform teachers which students need direct skill instruction, practice, remediation and/or enrichment. Inclusion at its finest involves general and special education teachers and related staff forming collaborative respectful partnerships that honor all students' levels. Overall, the most important thing to remember is to always have high expectations for your students and to highlight their strengths.

**Inclusion Strategies**

1. Establish prior knowledge.
2. Pre-plan lessons with structured objectives, but also allow for inter/post planning.
3. Proceed from the simple to the complex by using discrete task analysis, which breaks up the learning into its parts.
4. Use a step-by-step approach, teaching in small bites, with much practice and repetition.
5. Reinforce abstract concepts with concrete examples, such as looking at a map while learning compass directions or walking around a neighborhood to read street signs.
6. Think about possible accommodations and modifications that might be needed such as using a digital recorder for notes, reducing the amount of spelling words, and having enrichment activities prepared.
7. Incorporate sensory elements: visual, auditory, and kinesthetic ones, like writing letters in salt trays or creating acute, right, and obtuse angles with chopsticks.
8. Teach to strengths to help students compensate for weaknesses such as hopping to math facts, if a child loves to move about, but hates numbers.
9. Concentrate on individual children, not syndromes.
1. Provide opportunities for success to build self-esteem.
11. Give positives before negatives.
12. Use modeling with both teachers and peers.
13. Vary types of instruction and assessment, with multiple intelligences and cooperative learning.
14. Relate learning to children's lives using interest inventories.
15. Remember the basics such as teaching students proper hygiene, social skills, respecting others, effectively listening, or reading directions on a worksheet, in addition to the 3R's: Reading, writing and arithmetic.
16. Establish a pleasant classroom environment that encourages students to ask questions and become actively involved in their learning.
17. Increase students' self-awareness of levels and progress.
18. Effectively communicate and collaborate with families, students and colleagues, while smiling; it's contagious.

### 1.1.6 Creating conductive environment in inclusive schools

Physical and socio-cultural environments affect students' learning for better or worse. It is in the hands of an effective teacher to turn environmental disadvantages

into advantages. However adverse the physical, social and cultural environment may be, teachers can make a substantial difference in creating a conducive learning environment in the classroom for all children.

Every school and classroom environment consists of two aspects - physical and socio-cultural. Often not equipped with adequate physical environment, schools in the country, except may be those corporate schools targeting the super-rich, find themselves in the lurch when teachers also fail in creating a conducive atmosphere for learning in classrooms. To enhance the learning of students, improve the quality of education and produce vibrant minds of high-level proficiency, what we need today are dedicated and motivated teachers who can change the course of traditional classroom setup and promote conducive environments of learning. While teachers cannot exercise any control over certain aspects of the physical environment of a classroom, there are ample characteristics that impact the learning climate, which they can control and create.

**a. Accessibility to resources:**

Given that there are only limited resource materials needed for instruction in a classroom, teachers must ensure that chalks, charts, models, equipment for demonstration etc are made available to students in every session. How these resource materials are accessible and used in instruction will determine whether a classroom environment is facilitative or not. All along, ensuring the accessibility of resource materials teachers must also ensure that teaching-learning activities conducted in the classroom is visible and audible to all. The spatial arrangement of the classroom must be taken care of in order to achieve the goals of accessibility, audibility and visibility.

**b. Dissuading biases:**

Researches show that teachers can create a positive difference in the lives of those students who are socio-culturally disadvantaged. Students who like their classrooms and perform well in their studies are those who experience their teachers to be caring and supportive. Several times, teachers prejudge their students on the basis of their socio-cultural background and fail to communicate the message that cultural difference is not cultural deficit. It would be a good idea for teachers to make an analysis about their socio-cultural biases and make a conscious effort to guard against them.

**c. Inclusive setting:**

Disability is never a deficiency, it becomes so when society fails to create a favourable environment for them to learn and progress. Teachers must never put

up an attitude of deficiency before the students, particularly to the disabled. They must rather create an inclusive environment in the classroom in which all students feel at home, gather in self-confidence and be able to develop on their innate talents. Teachers must nurture the students' talents to bloom rather than diminish their enthusiasm in the initial stages.

**d. Instructional techniques:**

Teachers should use adequate instructional techniques in line with the socio-cultural characteristics of learners, which in turn will influence their learning. Instructional strategies that favour the learning needs of children should be acquired and implemented as part of the curriculum to boost their academic performance.

Different instructional methods like cooperative learning, peer tutoring, mastery learning etc. can be included as per the learning requirements of students. Depending on the need and temperament of each student, teachers must be flexible with their instructional tactics so as to set all the students equally on the path of learning.

**e. Acceptance and tolerance:**

Creating a positive atmosphere of learning in schools and classrooms will also depend a lot on the ability of teachers to establish a culture of mutual respect and understanding among the students. It is important that the students are trained in the academy of acceptance and tolerance for one another. They are to be taught not to laugh at or make fun of those making mistakes. Class schedules and activities are to be planned in such a way as to promote mutual respect and appreciation among the students. Mutual appreciation and tolerance go a long way in defining a healthy and constructive classroom environment.

**f. Social relationships:**

Another feature of a conductive classroom environment is proactive and encouraging social relationship. Students should be able to work with others in group to complete tasks, engage with others in project works and get along with everyone else in an easy manner enhancing and nourishing the learning experience of every other student.

A positive and conducive atmosphere can be created by a teacher in the classroom only when he/she respects his/her students, knows one's students and arrange learning experiences for them to meet great expectations and accomplish realistic goals. Making things clear for the students from the very beginning and on a

regular basis is important to earn their cooperation and set them on the path of knowledge.

### 1.1.7 Conclusion

In order to understand Inclusive Education it is essential to know the difference between Integration and Inclusion in the context of the education of children with disabilities. In integration, children with disabilities are perceived as having problems, while in inclusion the onus is shifted to regular schools, which have to be redesigned and restructured to meet the needs of all children, including CWSN. Hence, it is a need based approach. In conclusion, it will be appropriate to state that the major goal of inclusive education is to mainstream disabled children in the community and the society as a whole. Inclusive education should do all that necessary to achieve this over riding goal.

### 1.1.8 Suggested Questions

1. Define the meaning of Inclusive education.
2. Write the difference between Inclusive and Integrated Education.
3. Explain teaching strategies for Inclusive Education.

### 1.1.9 Suggested Books

1. Sekhon.S (2007). Education of Exceptional Children with Special Needs. Kalyani Publishers, New Delhi.
2. Gallagher. K (2006). Educating Exceptional Children, Houghton Mifflin Company, U.S.A.
3. Hallahan. K (1991). Exceptional Children: Introduction to Special Education, Prentice-Hall, Inc.

Wikipedia the free Encyclopedia (2015) retrieved from www.wikipedia.com .

**ਪਾਠ: 1.2** **ਲੇਖਕ: ਮਨਦੀਪ ਕੌਰ**

## ਸੰਮਲਿਤ ਸਿੱਖਿਆ: ਅਰਥ, ਨੀਤੀਆਂ, ਅਧਿਆਪਨ ਵਿਧੀਆਂ

### 1.2.1 ਉਦੇਸ਼:

1. ਸੰਮਲਿਤ ਸਿੱਖਿਆ ਦੇ ਅਰਥ ਤੋਂ ਜਾਣੂ ਕਰਵਾਉਣਾ।
2. ਸੰਮਲਿਤ ਸਿੱਖਿਆ ਨੀਤੀਆਂ ਦੇ ਲਾਭ ਅਤੇ ਲੋੜ।
3. ਸੰਮਲਿਤ ਸਿੱਖਿਆ ਵਿਧੀਆਂ ਦੇ ਅਰਥਾਂ ਨੂੰ ਸਪੱਸ਼ਟ ਕਰਨਾ।
4. ਅਧਿਆਪਕ ਦੁਆਰਾ ਵਰਤੀਆਂ ਜਾਣ ਵਾਲੀਆਂ ਤਕਨੀਕਾਂ ਤੇ ਚਾਨਣਾ ਪਾਉਣਾ।

### 1.2.2 ਭੂਮਿਕਾ:

ਭਾਰਤ ਦੇ ਸੰਵਿਧਾਨ ਵਿੱਚ ਹਰੇਕ ਨਾਗਰਿਕ ਨੂੰ ਸਿੱਖਿਆ ਦਾ ਅਧਿਕਾਰ ਹੈ ਪਰੰਤੂ ਕੁਝ ਕੁ ਅਜਿਹੇ ਬੱਚੇ ਜੋ ਮਾਨਸਿਕ ਜਾਂ ਸਰੀਰਕ ਰੋਗ ਦਾ ਸ਼ਿਕਾਰ ਹਨ, ਉਹਨਾਂ ਦੇ ਮਾਪੇ ਅਤੇ ਸਮਾਜ ਸਮਝਦਾ ਹੈ ਕਿ ਉਹ ਬੱਚੇ ਸਾਧਾਰਨ ਬੱਚਿਆਂ ਨਾਲ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ। ਇਸੇ ਹੀ ਸੰਦਰਭ ਵਿੱਚ ਵਿਸੇਸ਼ ਸਕੂਲਾਂ ਦੀ ਸਥਾਪਨਾ ਕੀਤੀ ਗਈ, ਪਰਤੂੰ ਇਸ ਦਾ ਮਤਲਬ ਕਿ ਇਹ ਬੱਚੇ ਸਾਧਾਰਨ ਬੱਚਿਆਂ ਦੇ ਮੁਕਾਬਲੇ ਇਹ ਬੱਚੇ ਘੱਟ ਹਨ। ਇਸੇ ਲਈ ਹੀ ਇੱਕ ਨਵੀਂ ਤਰ੍ਹਾਂ ਦੀ ਸਿੱਖਿਆ ਜਿਸਨੂੰ ਕਿ ਸੰਮਲਿਤ ਸਿੱਖਿਆ ਕਿਹਾ ਜਾਂਦਾ ਹੈ, ਸ਼ੁਰੂ ਕੀਤਾ ਗਿਆ, ਜਿਸ ਵਿੱਚ ਸਾਰੀਆਂ ਸਹੂਲਤਾਂ ਮੌਜੂਦ ਹੋਣ। ਸਕੂਲ ਦੇ ਪਾਠਕ੍ਰਮ ਵਿੱਚ ਅਜਿਹਾ ਲਚਕੀਲਾਪਨ ਪੈਦਾ ਕੀਤਾ ਗਿਆ ਤਾਂ ਦੇ ਸਿੱਖਿਆ ਹਰ ਇੱਕ ਦੀ ਲੋੜ ਮੁਤਾਬਕ ਹੋਵੇ ਤੇ ਸਿੱਖਿਆ ਹਰ ਇੱਕ ਦੀ ਪਹੁੰਚ ਵਿੱਚ ਹੋਵੇ। ਅਧਿਆਪਕਾਂ ਨੂੰ ਸਿਖਲਾਈ ਦਿੱਤੀ ਗਈ ਤਾਂ ਜੋ ਜਮਾਤ ਵਿੱਚ ਹਰ ਇੱਕ ਬੱਚੇ ਦਾ ਧਿਆਨ ਰੱਖਿਆ ਜਾਵੇ। ਸੰਮਲਿਤ ਸਿੱਖਿਆ ਵਿੱਚ ਸਮਾਨਤਾ ਅਤੇ ਸਸ਼ਕਕੀਕਰਨ ਕੇਂਦਰ ਬਿੰਦੂ ਹਨ।

### 1.2.3 ਸੰਮਲਿਤ ਸਿੱਖਿਆ ਦਾ ਅਰਥ:

ਸੰਮਲਿਤ ਸਿੱਖਿਆ ਉਹ ਸਿੱਖਿਆ ਹੈ ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਗਿਣਤੀ ਨੂੰ ਵਧਾਉਣਾ ਅਤੇ ਅਸਮਰਥਤਾ ਵਾਲੇ ਬੱਚਿਆਂ ਨੂੰ ਸਿੱਖਿਆ ਦੇਣਾ ਹੈ। ਇਸ ਸਿੱਖਿਆ ਦਾ ਮੁੱਖ ਉਦੇਸ਼ ਸਾਰੇ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਜਾਤ-ਪਾਤ, ਧਰਮ, ਲਿੰਗ, ਰੰਗ ਆਦਿ ਦੇ ਭੇਦਭਾਵ ਰਹਿਤ ਸਿੱਖਿਆ ਪ੍ਦਾਨ ਕਰਨਾ ਹੈ।

ਸੰਮਲਿਤ ਸਿੱਖਿਆ ਸ਼ਬਦ ਅੰਗਰੇਜ਼ੀ ਦੇ ਸ਼ਬਦ 'inclusion' ਤੋਂ ਬਣਿਆ ਹੈ ਜਿਸਦਾ ਅਰਥ ਸ਼ਾਮਿਲ ਕਰਨਾ ਹੈ। ਸੰਮਲਿਤ ਸਿੱਖਿਆ ਦਾ ਮਤਲਬ ਸਾਰੇ ਬੱਚਿਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਜਮਾਤ ਵਿੱਚ ਸ਼ਮਿਲ ਕਰਨਾ ਹੈ। ਇਸ ਸਿੱਖਿਆ ਦਾ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਬੱਚਿਆਂ ਦੀਆਂ ਜਰੂਰਤਾਂ ਅਨੁਸਾਰ ਪਾਠਕ੍ਰਮ ਬਣਾਇਆ ਜਾਵੇ। ਇਸ ਲਈ ਸੰਮਲਿਤ ਸਿੱਖਿਆ ਦਾ ਮਤਲਬ ਉਹਨਾਂ ਬੱਚਿਆਂ ਦਾ ਸਰਬਪੱਖੀ ਵਿਕਾਸ ਕਰਨਾ ਹੈ ਜੋ ਕਿਸੇ ਵੀ ਤਰ੍ਹਾਂ ਦੀ ਅਸਮਰਥਤਾ ਦਾ ਸ਼ਿਕਾਰ ਹਨ।

**1.2.3.1 ਸੰਮਿਲਤ ਸਿੱਖਿਆ ਦੀ ਪਰਿਭਾਸਾ:**

ਯੂਨੈਸਕੋ ਅਨੁਸਾਰ, " *ਉਹ ਬੱਚੇ ਜਿਹੜੇ ਵਿਸੇਸ਼ ਵਿਦਿਅਕ ਲੋੜਾਂ ਰੱਖਦੇ ਹਨ, ਉਹਨਾਂ ਨੂੰ ਵੀ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿੰਨਾ ਕਿ ਆਮ ਬੱਚਿਆਂ ਨੂੰ, ਅਤੇ ਇਸ ਲਈ ਉਪਰਾਲੇ ਕਰਨੇ ਚਾਹਦੇ ਹਨ ਕਿ ਉਹ ਆਮ ਸਕੂਲਾਂ ਵਿੱਚ ਪੜ੍ਹ ਸਕਣ, ਸਿੱਖਿਆ ਦੇ ਢਾਂਚੇ ਨੂੰ ਅਪਣਾ ਸਕਣ ਤੇ ਜੀਵਨ ਵਿੱਚ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਸ ਤੋਂ ਲਾਭ ਲੈ ਸਕਣ।"*

ਸਿੱਖਿਆ ਅਤੇ ਸਿਖਲਾਈ ਵਿੱਚ ਵਿਸੇਸ਼ ਲੋੜਾਂ ਤੇ ਰਾਸ਼ਟਰੀ ਕਮਿਸ਼ਨ, " *ਸੰਮਲਿਤ ਸਿੱਖਿਆ ਤੋ ਭਾਵ ਸਿਖਲਾਈ ਦੇ ਅਜਿਹੇ ਵਾਤਾਵਰਣ ਨੂੰ ਪ੍ਰੋਤਸਾਹਿਤ ਕਰਨਾ, ਜਿਹੜਾ ਕਿਸੇ ਨਸਲ, ਜਾਤ, ਲਿੰਗ, ਅਯੋਗਤਾ, ਧਰਮ, ਸੰਸਕ੍ਰਿਤੀ ਅਤੇ ਭਾਸਾ ਦਾ ਭੇਦਭਾਵ ਕੀਤੇ ਬਿਨ੍ਹਾਂ ਉੱਤਮ, ਨਿੱਜੀ, ਅਕਾਦਮਿਕ ਅਤੇ ਕਿੱਤਈ ਤੌਰ ਤੇ ਸਾਰੇ ਵਿਦਿਆਰਥੀਆਂ ਦਾ ਵਿਕਾਸ ਕਰ ਸਕੇ।*

ਸਿੱਟਾ: ਉਪਰੋਕਤ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਮਲਿਤ ਸਿੱਖਿਆ ਦਾ ਅਰਥ ਇਸ ਸੰਸਾਰ ਦੇ ਹਰ ਬੱਚੇ, ਜਵਾਨ ਤੇ ਬੁੱਢੇ ਨੂੰ ਅਪਣੀ ਤਾਕਤ, ਕਮਜੋਰੀ, ਇੱਛਾ ਅਤੇ ਉਮੀਦ ਰੱਖਦੇ ਹੋਏ ਸਿੱਖਿਅਕ ਹੋਣ ਦਾ ਹੱਕ ਹੈ। ਸਿੱਖਿਆ ਦੇ ਢਾਂਚੇ ਨੇ ਇਹ ਨਹੀਂ ਨਿਸ਼ਚਤ ਕਰਨਾ ਕਿ ਕਿਸ ਨੂੰ ਪੜ੍ਹਨ ਦਾ ਹੱਕ ਹੈ ਅਤੇ ਕਿਸ ਨੂੰ ਨਹੀਂ, ਪਰਤੂੰ ਸਾਰਿਆਂ ਨੂੰ ਸਿੱਖਿਅਕ ਹੋਣ ਦਾ ਹੱਕ ਹੈ।

**1.2.3.2 ਸੰਮਿਲਤ ਸਿੱਖਿਆ ਦੀਆਂ ਵਿਸੇਸ਼ਤਾਵਾਂ:**

1. ਇਸ ਸਿੱਖਿਆ ਦੇ ਅਧੀਨ ਸਰੀਰਕ ਰੂਪ ਨਾਲ ਆਪਾਹਜ ਬੱਚਿਆਂ ਅਤੇ ਸਾਧਾਰਨ ਬੱਚਿਆਂ ਨੂੰ ਨਾਲ ਨਾਲ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।
2. ਇਹ ਸਿੱਖਿਆ ਵਿਸ਼ੇਸ਼ ਸਿੱਖਿਆ ਤੋਂ ਵੱਖਰੀ ਨਹੀਂ ਹੈ। ਇਹ ਤਾਂ ਵਿਸ਼ੇਸ਼ ਸਿੱਖਿਆ ਦੀ ਪੂਰਵਕ ਹੈ।
3. ਇਸ ਸਿੱਖਿਆ ਨੂੰ ਅਜਿਹਾ ਰੂਪ ਦਿੱਤਾ ਗਿਆ ਹੈ ਜਿਸ ਨਾਲ ਅਸਮਰੱਥ ਬੱਚਿਆਂ ਨੂੰ ਸਮਾਨ ਸਿੱਖਿਆ ਮੌਕੇ ਉਪਲੱਬਧ ਹੋਣ ਅਤੇ ਉਹ ਸਮਾਜ ਵਿਚ ਹੋਰ ਲੋਕਾਂ ਵਾਂਗ ਆਤਮ ਨਿਰਭਰ ਬਣ ਕੇ ਜਿੰਦਗੀ ਗੁਜਾਰ ਸਕਣ।
4. ਇਸ ਸਿੱਖਿਆ ਨਾਲ ਵਿਸੇਸ਼ ਬੱਚਿਆਂ ਨੂੰ ਘੱਟ ਰੁਕਾਵਟ ਵਾਲਾ ਅਤੇ ਵੱਧ ਪ੍ਰਭਾਵਸ਼ਾਲੀ ਵਾਤਾਵਰਨ ਪ੍ਰਦਾਨ ਕਰਦੀ ਹੈ।
5. ਇਹ ਸਿੱਖਿਆ ਸਮਾਜਿਕ ਕਿਰਿਆਵਾਂ ਵਿੱਚ ਸਮਾਨ ਭਾਗੀਦਾਰੀ ਕਾਇਮ ਕਰਨ ਅਤੇ ਸਮਾਜ ਵਿੱਚ ਆਪਸੀ ਦੂਰੀ ਘੱਟ ਕਰਦੀ ਹੈ।
6. ਇਹ ਇੱਕ ਅਜਿਹੀ ਪ੍ਰਣਾਲੀ ਹੈ ਜਿਸਦੇ ਅਧੀਨ ਸਰੀਰਕ ਰੂਪ ਤੋਂ ਆਪਾਹਜ ਬੱਚੇ ਵੀ ਸਾਧਾਰਨ ਬੱਚਿਆਂ ਵਾਂਗ ਮਤਵਪੂਰਨ ਸਮਝੇ ਜਾਂਦੇ ਹਨ।
7. ਇਹ ਵਿਸ਼ੇਸ਼ ਬੱਚਿਆਂ ਨੂੰ ਉਹਨਾਂ ਦੇ ਵਿਅਕਤੀਗਤ ਅਧਿਕਾਰਾਂ ਦੇ ਰੂਪ ਵਿੱਚ ਸਵੀਕਾਰ ਕਰਦੀ ਹੈ।
8. ਅਪਾਹਿਜ ਬੱਚਿਆਂ ਦੇ ਜੀਵਨ ਬਤੀਤ ਕਰਨ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਉਹਨਾਂ ਦੇ ਨਾਗਰਿਕ ਅਧਿਕਾਰਾਂ ਨੂੰ ਇਹ ਸਿੱਖਿਆ ਨਿਸ਼ਚਿਤ ਕਰਦੀ ਹੈ।
9. ਇਹ ਬੱਚਿਆਂ ਦੀ ਸਿੱਖਿਆ ਦੀ ਆਰਥਿਕ ਪ੍ਰਣਾਲੀ ਹੈ।
10. ਇਹ ਵਿਸ਼ੇਸ਼ ਸਿੱਖਿਅਕ ਪਰਿਸਥਿਤੀਆਂ ਵਿੱਚ ਬੱਚਿਆਂ ਦੀ ਮਨੋਵਿਗਿਆਨਕ ਸਮੱਸਿਆਵਾਂ ਦਾ ਸਮਾਧਾਨ ਕਰਦੀ ਹੈ।

11. ਇਹ ਸਿੱਖਿਆ ਸਾਧਾਰਨ ਜਮਾਤ ਅਧਿਆਪਕ, ਵਿਸੇਸ਼ ਅਧਿਆਪਕ, ਮਾਂ-ਪਿਉ ਅਤੇ ਸਮੁਦਾਇਕ ਮੈਬਰਾਂ ਦੇ ਸਮੂਹਿਕ ਯਤਨਾਂ ਤੇ ਆਧਾਰਿਤ ਹੈ।

**1.2.4 ਸੰਮਲਿਤ ਸਿੱਖਿਆ ਸਿਧਾਂਤ:**

1. **ਸਭ ਲਈ ਸਿੱਖਿਆ ਸਿਧਾਂਤ:** ਸੰਮਲਿਤ ਸਿੱਖਿਆ ਵਿਧੀਆਂ ਦਾ ਮੁੱਖ ਉਦੇਸ਼ ਵਿਸ਼ੇਸ਼ ਵਰਗ ਦੇ ਲਈ ਨਹੀਂ, ਪਰਤੂੰ ਸਾਰੇ ਵਰਗਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਲਈ ਇਹ ਸਿੱਖਿਆ ਸਾਰਿਆਂ ਨੂੰ ਸਿੱਖਿਆ ਦਾ ਅਧਿਕਾਰ ਤਹਿਤ ਸਿੱਖਿਆ ਮੁਹੱਈਆ ਕਰਵਾਉਦੀਂ ਹੈ।

2. **ਗੁਣਵੱਤਾ ਸਿਧਾਂਤ:** ਸੰਮਲਿਤ ਸਿੱਖਿਆ ਵਿਧੀਆਂ ਗੁਣਵੱਤਾ ਸਿਧਾਂਤ ਸ਼ਾਮਿਲ ਹੈ ਕਿਉਂਕਿ ਉਹ ਸਿੱਖਿਆ ਹੀ ਅਸਲ ਸਿੱਖਿਆ ਹੈ ਜੋ ਬੱਚੇ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰ ਸਕੇ ਅਤੇ ਜਿਸ ਨਾਲ ਬੱਚੇ ਵਿੱਚ ਆਤਮ ਵਿਸ਼ਵਾਸ ਵੱਧ ਸਕੇ।

3. **ਕੁਸ਼ਲਤਾ ਦੀ ਪਛਾਣ ਦਾ ਸਿਧਾਂਤ:** ਇਹ ਵੀਚਾਰ ਬਿਲਕੁੱਲ ਦੁਰੱਸਤ ਹੈ ਕਿ ਹਰ ਇੱਕ ਵਿਅਕਤੀ ਕੋਈ ਨਾ ਕੋਈ ਕੁਸ਼ਲ ਲੈ ਕੇ ਪੈਦਾ ਹੋਇਆ ਹੈ ਤੇ ਸੰਮਲਿਤ ਸਿੱਖਿਆ ਵਿਧੀਆਂ ਦਾ ਮੁੱਖ ਮੰਤਵ ਇਹਨਾਂ ਕੁਸ਼ਲਤਾਵਾਂ ਦਾ ਬੋਧ ਬੱਚੇ ਨੂੰ ਕਰਵਾਉਣਾ ਹੈ ਅਤੇ ਬੱਚੇ ਨੂੰ ਤਰੱਕੀ ਦੇ ਰਾਹ ਤੇ ਤੋਰਨਾ ਹੈ।

4. **ਸਮਾਜਿਕ ਚੇਤਨਾ ਸਿਧਾਂਤ:** ਸੰਮਲਿਤ ਸਿਖਿਆ ਦਾ ਮੁੱਖ ਸਿਧਾਂਤ ਸਮਾਜ ਵਿੱਚ ਚੇਤਨਾ ਪੈਦਾ ਕਰਨਾ ਹੈ ਤਾਂ ਜੋ ਮਾਨਸਿਕ ਅਤੇ ਸਰੀਰਕ ਤੌਰ ਤੇ ਅਪੰਗ ਬੱਚੇ ਵੀ ਸਮਾਜ ਵਿੱਚ ਸਤਿਕਾਰ ਹਾਸਿਲ ਕਰ ਸਕਣ।

5. **ਅਧਿਕਾਰਾਂ ਦੀ ਸੁਰੱਖਿਆ:** ਹਰ ਇੱਕ ਮਨੁੱਖ ਕੋਲ ਕੁਝ ਕੁ ਜਮਾਂਦਰੂ ਅਧਿਕਾਰ ਹਨ ਜਿਸ ਵਿੱਚ ਸਭ ਤੋ ਅਹਿਮ ਸਿੱਖਿਆ ਦਾ ਅਧਿਕਾਰ ਹੈ। ਕੁਝ ਬੱਚੇ ਜਾਂ ਮਨੁੱਖ ਆਪਣੀ ਸਰੀਰਕ ਜਾਂ ਮਾਨਸਿਕ ਬਿਮਾਰੀ ਕਾਰਨ ਇਸ ਅਧਿਕਾਰ ਤੋ ਵਾਂਝੇ ਰਹਿ ਜਾਂਦੇ ਹਨ ਸੰਮਲਿਤ ਸਿੱਖਿਆ ਨੀਤੀਆਂ ਵਿੱਚ ਇਸ ਅਧਿਕਾਰ ਨੂੰ ਅਹਿਮੀਅਤ ਦਿੱਤੀ ਗਈ ਹੈ।

6. **ਸੰਵਿਧਾਨਕ ਜ਼ਿੰਮੇਵਾਰੀ ਦਾ ਸਿਧਾਂਤ:** ਸੰਵਿਧਾਨ ਹਰ ਇੱਕ ਵਿਅਕਤੀ ਨੂੰ ਸਿੱਖਿਆ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪਰਤੂੰ ਮਾਨਸਿਕ ਤੌਰ ਤੇ ਅਪੰਗ ਬੱਚਿਆਂ ਨੂੰ ਵਿਸ਼ੇਸ਼ ਸਾਧਨਾਂ ਦੀ ਘਾਟ ਕਾਰਨ ਇਸ ਅਧਿਕਾਰ ਤੋ ਵੰਚਿਤ ਕੀਤਾ ਜਾਂਦਾ ਸੀ ਪਰੰਤੂ ਸੰਮਲਿਤ ਸਿੱਖਿਆ ਨੀਤੀਆਂ ਵਿੱਚ ਇਸ ਅਧਿਕਾਰ ਦਾ ਵਿਸ਼ੇਸ਼ ਸਥਾਨ ਹੈ।

7. **ਭਾਈਚਾਰੇ ਦੀ ਭਾਵਨਾ ਦਾ ਸਿਧਾਂਤ:** ਸੰਮਲਿਤ ਸਿੱਖਿਆ ਪਾਠਕ੍ਰਮ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਕਮਜੋਰ ਅਤੇ ਹੁਸਿਆਰ ਬੱਚਿਆ ਵਿੱਚ ਵਿਤਕਰਾ ਖਤਮ ਕਰਕੇ ਉਨ੍ਹਾਂ ਵਿੱਚ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੋ ਸਕੇ। ਇਸ ਸਿੱਖਿਆ ਦਾ ਮੁੱਖ ਮੰਤਵ ਬੱਚਿਆਂ ਵਿੱਚ ਇੱਕ ਦੂਜੇ ਦੇ ਦਰਦ ਨੂੰ ਸਮਝ ਕੇ ਆਪਸ ਵਿੱਚ ਮਦਦ ਕਰਨ ਦੀ ਭਾਵਨਾ ਪੈਦਾ ਕਰਨਾ ਹੈ ਤਾਂ ਜੋ ਪੜ੍ਹੇ ਲਿਖੇ ਸਮਾਜ ਦੀ ਸਥਾਪਨਾ ਹੋ ਸਕੇ।

**1.2.4.1.2 ਸੰਮਿਲਤ ਸਿੱਖਿਆ ਨੀਤੀਆਂ ਦੀ ਲੋੜ ਅਤੇ ਫਾਇਦੇ:**

ਸੰਮਲਿਤ ਸਿੱਖਿਆ ਅਜੋਕੇ ਯੁੱਗ ਦੀ ਮੁੱਖ ਲੋੜ ਹੈ। ਸਮਾਜ ਵਿੱਚ ਵੱਧ ਰਹੀ ਉਦਾਸਹੀਨਤਾ ਤੇ ਤਕਰਾਰ ਅਤੇ ਭੇਦ ਭਾਵ ਨੂੰ ਸਿਰਫ ਸਿੱਖਿਆ ਹੀ ਮਿਟਾ ਸਕਦੀ ਹੈ। ਪਰਤੂੰ ਇੱਕਲੀ ਸਾਧਾਰਨ ਸਿੱਖਿਆ ਲਈ ਇਹ ਸੰਭਵ ਨਹੀਂ ਇਸ ਲਈ ਸੰਮਲਿਤ ਸਿੱਖਿਆ ਦੀ ਜ਼ਰੂਰਤ ਮਹਿਸੂਸ ਹੋਈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।

1. **ਸੰਵਿਧਾਨਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ:** ਭਾਰਤ ਇੱਕ ਲੋਕਤੰਤਰੀ ਦੇਸ਼ ਹੈ ਅਤੇ ਹਰ ਇੱਕ ਵਾਸੀ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੈ ਭਾਵੇਂ ਉਹ ਕਿਸੇ ਵੀ ਜਾਤ, ਧਰਮ ਜਾਂ ਲਿੰਗ ਦਾ ਹੋਵੇ। ਸਿੱਖਿਆ ਦੇ ਖੇਤਰ ਵਿੱਚ ਕਿਸੇ ਨਾਲ ਵੀ ਭੇਦ ਭਾਵ ਨਹੀਂ ਕੀਤਾ ਜਾਂਦਾ ਕਿਉਂਕਿ ਸਿੱਖਿਆ ਦਾ ਅਧਿਕਾਰ ਹਰ ਇੱਕ ਵਿਅਕਤੀ ਦਾ ਕਾਨੂੰਨੀ ਹੱਕ ਹੈ ਚਾਹੇ ਉਹ ਵਿਅਕਤੀ ਕਿਸੇ ਵੀ ਪ੍ਰਕਾਰ ਦੀ ਮਾਨਸਿਕ ਜਾਂ ਸਰੀਰਕ ਅਪੰਗਤਾ ਦਾ ਸਿਕਾਰ ਹੋਵੇ। ਸੰਮਲਿਤ ਸਿੱਖਿਆ ਦਾ ਪਾਠਕ੍ਰਮ ਹਰ ਇੱਕ ਵਿਅਕਤੀ ਦੀ ਲੋੜ ਅਨੁਸਾਰ ਬਣਾਇਆ ਗਿਆ ਹੈ। ਸਮਾਜ ਵਿੱਚ ਹਰ ਇੱਕ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਇਸ ਪ੍ਰਕਾਰ ਦੀ ਸਿੱਖਿਆ ਦੀ ਵਿਸੇਸ਼ ਲੋੜ ਹੈ।

2. **ਦੇਸ਼ ਦੇ ਵਿਕਾਸ ਲਈ:** ਕਿਸੇ ਵੀ ਦੇਸ਼ ਦੀ ਤਰੱਕੀ ਤਾਂ ਹੀ ਸੰਭਵ ਹੈ ਜੇਕਰ ਉਸ ਦੇਸ਼ ਦੇ ਵਾਸੀ ਸਿੱਖਿਅਤ ਹੋਣ। ਕੋਈ ਵੀ ਸਿੱਖਿਆ ਤੋ ਵਾਂਝਾ ਵਿਅਕਤੀ ਅਪਣੇ ਹੱਕਾਂ ਲਈ ਜਾਗਰੂਕ ਨਹੀਂ ਹੋ ਸਕਦਾ, ਉਹ ਦੇਸ਼ ਦੀ ਤਰੱਕੀ ਵਿੱਚ ਕਿਵੇਂ ਯੋਗਦਾਨ ਪਾ ਸਕਦਾ ਹੈ। ਦੇਸ਼ ਦੀ ਤਰੱਕੀ ਲਈ ਜਰੂਰੀ ਹੈ ਕਿ ਹਰ ਇੱਕ ਵਿਅਕਤੀ ਨੂੰ ਸਿੱਖਿਆ ਪ੍ਰਦਾਨ ਕੀਤੀ ਜਾਵੇ ਤਾਂ ਦੋ ਹਰ ਇੱਕ ਵਿਅਕਤੀ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕੇ। ਇਸ ਮੰਤਵ ਨੂੰ ਪੂਰਾ ਕਰਨ ਲਈ ਸੰਮਲਿਤ ਸਿੱਖਿਆ ਦੀ ਲੋੜ ਹੈ।

3. **ਸਮਾਜ ਦੇ ਵਿਕਾਸ ਅਤੇ ਸਸ਼ਕਤੀਕਰਨ ਲਈ:** ਸਮਾਜ ਇੱਕ ਅਜਿਹੀ ਸੰਸਥਾ ਹੈ ਦੋ ਵਿਅਕਤੀਆਂ ਦੇ ਸਮੂਹ ਤੋਂ ਬਣੀ ਹੈ। ਸਮਾਜ ਦਾ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਹਰ ਇੱਕ ਵਿਅਕਤੀ ਸੂਝਵਾਨ, ਯਤਨਸੀਲ ਅਤੇ ਅਗਾਂਹਵਧੂ ਸੋਚ ਵਾਲਾ ਹੋਵੇਗਾ। ਇਹ ਸਾਰੀਆਂ ਕੁਸ਼ਲਤਾਵਾਂ ਦਾ ਸੁਮੇਲ ਸਿਰਫ ਸਿੱਖਿਆ ਨਾਲ ਹੀ ਸੰਭਵ ਹੈ। ਗਿਣੇ- ਚੁਣੇ ਵਿਅਕਤੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਨਾਲ ਸਾਰੇ ਸਮਾਜ ਦੀ ਵਿਕਾਸ ਨਹੀਂ ਹੋ ਸਕਦਾ ਇਸ ਲਈ ਸਮਾਜ ਵਿੱਚ ਸੰਮਲਿਤ ਸਿੱਖਿਆ ਨੂੰ ਸ਼ਾਮਿਲ ਕਰਨਾ ਇੱਕ ਮਹੱਤਵਪੂਰਨ ਕਦਮ ਹੈ।

4. **ਗਰੀਬੀ ਦੇ ਚੱਕਰ ਨੂੰ ਖਤਮ ਕਰਨ ਲਈ:** ਦੁਨੀਆਂ ਵਿੱਚ ਜ਼ਿਆਦਾਤਰ ਦੇਸ਼ ਗਰੀਬ ਹਨ। ਗਰੀਬੀ ਨੂੰ ਮਾਰਨ ਦਾ ਸਭ ਤੋਂ ਵੱਡਾ ਹਥਿਆਰ ਸਿੱਖਿਆ ਹੈ। ਅਨਪੜ੍ਹ ਵਿਅਕਤੀ ਆਪਣੇ ਹੱਕਾਂ ਤੋਂ ਲਾਪਰਵਾਹ ਹੁੰਦਾ ਹੈ ਉਸ ਨੂੰ ਹਰ ਇੱਕ ਵਿਅਕਤੀ ਉਸਦਾ ਸੋਸ਼ਣ ਕਰਦਾ ਹੈ। ਉਹ ਸਾਰੀ ਉਮਰ ਆਪਣੇ ਹੱਕਾਂ ਤੋਂ ਮਹਿਰੂਮ ਰਹਿੰਦਾ ਹੈ।

5. **ਅਪੰਗ ਬੱਚਿਆਂ ਨੂੰ ਆਪਣੇ ਪਰਿਵਾਰ ਅਤੇ ਸਮੁਦਾਇ ਵਿੱਚ ਰਹਿਣ ਦੇ ਯੋਗ ਬਣਾਉਣਾ:** ਬੱਚੇ ਮਾਂ ਬਾਪ ਦੀ ਸਰਮਾਇਆ ਹੁੰਦੇ ਹਨ। ਦੇਸ਼ ਦਾ ਭਵਿੱਖ ਵੀ ਇਨ੍ਹਾਂ ਤੇ ਨਿਰਭਰ ਕਰਦਾ ਹੈ। ਪਰਤੂੰ ਅਪੰਗਤਾ ਕਾਰਨ ਇਹ ਸਮਾਜ ਵਿੱਚ ਪਿੱਛੜੇ ਰਹਿ ਜਾਂਦੇ ਹਨ। ਸੰਮਲਿਤ ਸਿੱਖਿਆ ਦੇ ਯੋਗਦਾਨ ਕਾਰਨ ਹੀ ਇਹ ਬੱਚੇ ਅੱਗੇ ਵੱਧ ਕੇ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੇ ਹਨ।

6. **ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ:** ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਸੰਮਲਿਤ ਸਿੱਖਿਆ ਦੀ ਪਾਠਕ੍ਰਮ ਲਚਕੀਲਾ ਬਣਾਇਆ ਜਾਂਦਾ ਹੈ ਤਾਂ ਜੋ ਹਰ ਇੱਕ ਬੱਚੇ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਸਿੱਖਿਆ ਵਿੱਚ ਗੁਣਵੱਤਾ ਪ੍ਰਦਾਨ ਕਰਨ ਲਈ ਸੰਮਲਿਤ ਸਿੱਖਿਆ ਦੀ ਜ਼ਰੂਰਤ ਹੈ।

7. **ਆਤਮ ਨਿਰਭਰਤਾ:** ਸੰਮਲਿਤ ਸਿੱਖਿਆ ਦਾ ਮੁੱਖ ਮੰਤਵ ਹਰ ਇੱਕ ਬੱਚੇ ਨੂੰ ਆਤਮ ਨਿਰਭਰ ਬਣਾਉਣਾ ਹੈ ਜਿਸ ਨਾਲ ਕਿ ਉਸਦੀ ਆਰਥਿਕ ਅਤੇ ਸਮਾਜਿਕ ਪੱਖੋਂ ਕਿਸੇ ਦੇ ਸਹਾਰੇ ਦੀ ਲੋੜ ਮਹਿਸੂਸ ਨਾ ਹੋਵੇ।

8. **ਸਵੈ-ਮਾਣ ਦੀ ਭਾਵਨਾ ਦਾ ਵਿਕਾਸ:** ਹਰ ਇੱਕ ਵਿਅਕਤੀ ਜੋ ਕਿ ਮਾਨਸਿਕ ਜਾਂ ਸਰੀਰਕ ਤੌਰ ਤੇ ਅਪੰਗ ਹੁੰਦਾ ਹੈ ਆਪਣੇ ਆਪ ਨੂੰ ਸਮਾਜ ਤੇ ਬੋਝ ਸਮਝਣ ਲੱਗ ਜਾਂਦਾ ਹੈ। ਸੰਮਲਿਤ ਸਿੱਖਿਆ ਇੱਕ ਅਜਿਹਾ ਰਾਮ ਬਾਣ ਹੈ ਜੋ ਹਰ ਇੱਕ ਵਿਅਕਤੀ ਵਿੱਚ ਸਵੈ-ਮਾਣ ਦੀ ਭਾਵਨਾ ਦਾ ਵਿਕਾਸ ਕਰਦੀ ਹੈ।

**1.2.5 ਸੰਮਲਿਤ ਸਿੱਖਿਆ ਦੀਆਂ ਅਧਿਆਪਨ ਵਿਧੀਆਂ:** ਅਧਿਆਪਨ ਵਿਧੀਆਂ ਸੰਮਲਿਤ ਸਿੱਖਿਆ ਦੇ ਪਾਠਕ੍ਰਮ ਨੂੰ ਅਮਲੀ ਰੂਪ ਦੇਣ ਵਿੱਚ ਸਹਾਇਕ ਹੰਦੀਆਂ ਹਨ। ਹਰ ਅਧਿਆਪਕ ਨੂੰ ਇਸ ਹੁਨਰ ਵਿੱਚ ਮਾਹਿਰ ਹੋਣਾ ਚਾਹਿਦਾ ਹੈ ਕਿ ਉਹ ਹਰ ਇੱਕ ਬੱਚੇ ਦੀ ਲੋੜ ਮੁਤਾਬਕ ਸਿੱਖਿਆ ਪ੍ਰਦਾਨ ਕਰ ਸਕੇ ਅਤੇ ਜਮਾਤ ਵਿੱਚ ਅਜਿਹਾ ਵਾਤਾਵਰਨ ਬਣਾ ਸਕੇ ਜਿਸ ਵਿੱਚ ਹਰ ਇੱਕ ਬੱਚਾ ਆਪਣਾ ਆਤਮ ਵਿਸ਼ਵਾਸ ਵਧਾ ਸਕੇ। ਅਧਿਆਨ ਵਿਧੀਆਂ ਹੇਠ ਪ੍ਰਕਾਰ ਹਨ:

1. **ਕਿਰਿਆ ਵਿਧੀ:** ਸਭ ਤੋ ਸੌਖੀ ਅਤੇ ਕਾਮਯਾਬ ਵਿਧੀ ਹੈ, ਕਿਰਿਆ ਵਿਧੀ। ਇਸ ਨਾਲ ਬੱਚਾ ਜਮਾਤ ਵਿੱਚ ਕਿਰਿਆਸੀਲ ਰਹਿੰਦਾ ਹੈ ਅਤੇ ਸੌਖੇ ਹੀ ਹਰ ਇੱਕ ਪਾਠ ਨੂੰ ਯਾਦ ਕਰ ਲੈਂਦਾ ਹੈ। ਜਿਵੇਂ ਕਿ, ਹਰ ਇੱਕ ਬੱਚੇ ਨੂੰ ਵਾਰੀ ਸਿਰ ਚਾਕ ਬੋਰਡ ਤੇ ਪਾਠ ਲਿਖਣ ਲਈ ਕਹਿਣਾ। ਇਸ ਨਾਲ ਬੱਚਾ ਜਮਾਤ ਵਿੱਚ ਸਹਿਜੇ ਹੀ ਪਾਠ ਯਾਦ ਕਰ ਲਵੇਗਾ।

2. **ਉਚਾਰਨ ਵਿਧੀ:** ਬੱਚੇ ਦਾ ਧਿਆਨ ਜਮਾਤ ਵਿੱਚ ਕੇਂਦਰਿਤ ਕਰਨ ਲਈ ਸੰਮਲਿਤ ਸਿੱਖਿਆ ਵਿਧੀਆਂ ਦੀ ਸਭ ਤੋ ਸ੍ਰੇਸ਼ਠ ਵਿਧੀ ਹੈ- ਉਚਾਰਨ ਵਿਧੀ, ਜਿਸ ਨਾਲ ਬੱਚਿਆਂ ਦੇ ਉਚਾਰਨ ਵਿੱਚ ਸਪੱਸ਼ਟਤਾ ਆ ਜਾਂਦੀ ਹੈ ਚਾਹੇ ਕਿ ਉਹ ਬੱਚਾ ਸਾਧਾਰਨ ਹੋਵੇ ਜਾਂ ਵਿਸੇਸ਼। ਇਹ ਵਿਧੀ ਪਾਠ ਨੂੰ ਦਿਲਚਸਪ ਵੀ ਬਣਾਉਂਦੀ ਹੈ। ਜਿਵੇਂ ਕਿ ਮੁਹਾਰਨੀ ਲਈ ਬਣਾਈ ਗਈ ਕਵਿਤਾ। "ਆਜੋ ਆਜੋ ਸਿੱਖੀਏ ਮੁਹਾਰਨੀ ਬਈ.........." ਇਸ ਕਵਿਤਾ ਰਾਂਹੀ ਨਾ ਸਿਰਫ ਮੁਹਾਰਨੀ ਬਾਰੇ ਬੱਚੇ ਨੂੰ ਗਿਆਨ ਹੁੰਦਾ ਹੈ ਬਲਕਿ ਬੱਚੇ ਨੂੰ "ਔ,ਓ, ਐ, ਏ, ਆ, ਈ, ਇ, ਉ, ਊ" ਆਦਿ ਦਾ ਅੰਤਰ ਵੀ ਸਪੱਸ਼ਟ ਹੁੰਦਾ ਹੈ।

3. **ਨਾਟਕ ਵਿਧੀ:** ਸੰਮਲਿਤ ਸਿੱਖਿਆ ਨੂੰ ਉਸਾਰੂ ਰੂਪ ਦੇਣ ਲਈ ਇਸ ਵਿਧੀ ਨੂੰ ਜਮਾਤ ਵਿੱਚ ਸੁਚੱਜੇ ਢੰਗ ਨਾਲ ਵਰਤਿਆ ਜਾਂਦਾ ਹੈ। ਬੱਚੇ ਨੂੰ ਵਧੀਆ ਸਿੱਖਣ ਕਰਵਾਉਣ ਲਈ ਇਸ ਵਿਧੀ ਦਾ ਉਪਯੋਗ ਕੀਤਾ ਜਾਂਦਾ ਹੈ। ਜਿਵੇਂ; ਨਾਗਰਿਕ ਸਾਸ਼ਤਰ ਵਿੱਚ ਬੱਚੇ ਨੂੰ ਪੰਚਾਇਤੀ ਰਾਜ ਦੇ ਕੰਮ ਕਾਜ ਸਮਝਾਉਣ ਲਈ ਬੱਚਿਆਂ ਨੂੰ ਜਮਾਤ ਵਿੱਚ ਪੰਚ, ਸਰਪੰਚ ਦਾ ਰੋਲ ਅਦਾ ਕਰਨ ਲਈ ਕਹਿਣਾ।

4. **ਖੇਡ ਵਿਧੀ:** ਇਹ ਵਿਧੀ ਸਭ ਤੋਂ ਪੁਰਾਣੀ ਵਿਧੀ ਹੈ ਜਿਸਨੂੰ ਕਿ ਜੀਨ ਜੈਕਬ ਰੂਸੋ ਨੇ ਪ੍ਰਕਿਰਤਿਕਵਾਦ ਦੇ ਫਲਸਫੇ ਵਿੱਚ ਵਿਚਾਰਿਆ ਹੈ। ਸੰਮਲਿਤ ਸਿੱਖਿਆ ਵਿੱਚ ਇਸ ਵਿਧੀ ਦੀ ਆਪਣੀ ਵੱਖਰੀ ਪਹਿਚਾਣ ਹੈ ਕਿਉਂਕਿ ਇਹ ਵਿਧੀ ਬੱਚੇ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਅਧਿਆਪਕ ਦੁਆਰਾ ਬੱਚੇ ਵੱਲ ਧਿਆਨ ਕੇਂਦਰਿਤ ਕਰਵਾਉਂਦੀ ਹੈ। ਜਿਵੇਂ; ਛੋਟੇ ਬੱਚਿਆਂ ਨੂੰ ਅੱਖਰਾਂ ਦੀ ਪਹਿਚਾਣ ਕਰਵਾਉਣ ਲਈ ਬੱਚਿਆਂ ਨੂੰ ਆਲੇ-ਦੁਆਲੇ, ਅਸਮਾਨ ਅਤੇ ਚੀਜਾਂ ਦੇ ਆਕਾਰਾਂ ਵਿੱਚ ਅੱਖਰਾਂ ਦੀ ਖੋਜ ਕਰਵਾਉਣੀ।

5. **ਹਿਦਾਇਤ ਵਿਧੀ:** ਵਿਸ਼ੇਸ਼ ਬੱਚਿਆਂ ਨੂੰ ਖਾਸ ਕਰ ਇਸ ਵਿਧੀ ਰਾਹੀਂ ਪੜ੍ਹਾਉਣਾ ਚਾਹੀਦਾ ਹੈ। ਇਸ ਵਿਧੀ ਰਾਹੀਂ ਜਮਾਤ ਵਿੱਚ ਵਿਅਕਤੀਤਵ ਭਿੰਨਤਾਵਾਂ ਨੂੰ ਮੁੱਖ ਰੱਖਦੇ ਹੋਏ ਪੜ੍ਹਾਇਆ ਜਾਂਦਾ ਹੈ। ਕੁਝ ਕੁ ਪਾਠ ਐਸੇ ਹੁੰਦੇ ਹਨ ਜਿੰਨ੍ਹਾ ਨੂੰ ਯਾਦ ਕਰਨ ਲਈ ਹਿਦਾਇਤਾਂ ਰਾਹੀਂ ਹੀ ਸਿੱਖਿਆ ਦਾ ਸਕਦਾ ਹੈ। ਜਿਵੇਂ; ਹਿਸਾਬ ਦੇ ਫਾਰਮੂਲੇ।

6. **ਸਮੱਸਿਆ ਸੁਲਝਾਉਣ ਵਿਧੀ:** ਸੰਮਲਿਤ ਸਿੱਖਿਆ ਵਿਧੀਆਂ ਵਿੱਚ ਇਹ ਵਿਧੀ ਵੀ ਲਾਭਕਾਰੀ ਹੈ। ਬੱਚਿਆਂ ਨੂੰ ਜਮਾਤ ਵਿੱਚ ਕਿਰਿਆਸ਼ੀਲ ਬਣਾਉਣ ਲਈ ਇਹ ਵਿਧੀ ਉੱਤਮ ਹੈ। ਇਸ ਵਿਧੀ ਰਾਹੀਂ ਬੱਚੇ ਵਿੱਚ ਪੜ੍ਹਾਈ ਪ੍ਰਤੀ ਲਗਨ ਪੈਦਾ ਹੁੰਦੀ ਹੈ। ਬੱਚਾ ਕਿਸੇ ਵੀ ਸੱਮਸਿਆ ਦਾ ਹੱਲ ਲੱਭਣ ਲਈ ਉਤਾਵਲਾ ਹੁੰਦਾ ਹੈ।

**1.2.6 ਜਮਾਤ ਵਿੱਚ ਭਾਈਚਾਰਕ ਵਾਤਾਵਰਣ ਬਣਾਉਣਾ:** ਸੰਮਲਿਤ ਸਿੱਖਿਆ ਦਾ ਮੁੱਖ ਮੰਤਵ ਬੱਚਿਆਂ ਵਿੱਚ ਆਤਮ ਵਿਸ਼ਵਾਸ, ਆਤਮ ਨਿਰਭਰ ਅਤੇ ਆਤਮ ਸਨਮਾਨ ਹਾਸਿਲ ਕਰਨਾ ਹੈ। ਹੇਠ ਲਿਖੀਆਂ ਤਕਨੀਕਾਂ ਨਾਲ ਅਧਿਆਪਕ ਜਮਾਤ ਵਿੱਚ ਭਾਈਚਾਰਕ ਸਾਂਝ ਵਧਾ ਸਕਦਾ ਹੈ:

1. ਜਮਾਤ ਵਿੱਚ ਅੰਦਰੂਨੀ ਖੇਡਾਂ ਨੂੰ ਆਯੋਜਿਤ ਕਰਨਾ ਤਾਂ ਜੋ ਬੱਚਿਆਂ ਦਾ ਆਪਸੀ ਮੇਲ-ਜੋਲ ਵੱਧ ਸਕੇ।
2. ਸਮੱਸਿਆ ਨੂੰ ਸੁਲਝਾਉਣ ਵਿੱਚ ਬੱਚਿਆਂ ਨੂੰ ਸ਼ਾਮਿਲ ਕਰਨਾ।
3. ਲੋਕ ਗੀਤਾਂ, ਅਧਿਆਤਮਕ ਕਵਿਤਾਵਾਂ, ਕਿਤਾਬਾਂ ਨੂੰ ਬੱਚਿਆਂ ਦੇ ਰੂ-ਬਰੂ ਕਰਨਾ ਤਾਂ ਜੋ ਬੱਚਿਆਂ ਨੂੰ ਭਾਈਚਾਰਕ ਸਾਂਝ ਦੀਆਂ ਉਦਾਹਰਨਾਂ ਮਿਲ ਸਕਣ।
4. ਵਿਅਕਤੀਗਤ ਭਿੰਨਤਾਵਾਂ ਬਾਰੇ ਸਾਰੀ ਜਮਾਤ ਵਿੱਚ ਖੁੱਲ ਕੇ ਵੀਚਾਰ ਕਰਨਾ ਤਾਂ ਜੋ ਬੱਚਿਆਂ ਵਿੱਚ ਆਤਮ ਸਨਮਾਨ ਕਾਇਮ ਹੋ ਸਕੇ।
5. ਜਮਾਤ ਵਿੱਚ ਹਰ ਇੱਕ ਬੱਚੇ ਨੂੰ ਜ਼ਿੰਮੇਵਾਰੀ ਦਿੱਤੀ ਜਾਵੇ ਤਾਂ ਜੋ ਬੱਚਾ ਆਤਮ ਨਿਰਭਰ ਹੋ ਸਕੇ।
6. ਥੋੜੇ ਚਿਰ ਬਾਦ ਬੱਚੇ ਨੂੰ ਜਮਾਤ ਤੋਂ ਛੁੱਟੀ ਦਿੱਤੀ ਜਾਵੇ ਤਾਂ ਦੋ ਬੱਚੇ ਦਾ ਦਿਮਾਗ ਨਾ ਥੱਕੇ।
7. ਵਿਦਿਆਰਥੀਆਂ ਦੇ ਮੇਜਾਂ ਨੂੰ ਗੋਲ ਆਕਾਰ ਦਿੱਤਾ ਜਾਵੇ ਤਾਂ ਜੋ ਬੱਚੇ ਸਮੂਹਾਂ ਵਿੱਚ ਬੈਠ ਸਕਣ।
8. ਬੱਚਿਆਂ ਨੂੰ ਲੇਟ ਆਉਣ ਜਾਂ ਲੋੜ ਪੈਣ ਤੇ ਜਮਾਤ ਤੋਂ ਬਾਹਰ ਜਾਣ ਦੀ ਛੂਟ ਪ੍ਰਦਾਨ ਕਰਨੀ।
9. ਬੱਚਿਆਂ ਦੇ ਮਾਤਾ-ਪਿਤਾ ਨਾਲ ਛੋਟੇ ਛੋਟੇ ਅੰਤਰਾਲਾਂ ਬਾਦ ਮੁਲਾਕਾਤ ਕਰਨੀ।
10. ਵਿਸ਼ੇਸ਼ ਸਿੱਖਿਆ ਅਧਿਆਪਕਾਂ ਤੋਂ ਲੋੜ ਪੈਣ ਤੇ ਮਦਦ ਲੈਣੀ।

**1.੨.੭ ਸਿੱਟਾ:** ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਸੰਮਲਿਤ ਸਿੱਖਿਆ ਅਜੋਕੇ ਯੁੱਗ ਦੀ ਲੋੜ ਹੈ। ਇਸ ਸਿੱਖਿਆ ਰਾਂਹੀ ਉਹਨਾਂ ਬੱਚਿਆਂ ਨੂੰ ਵੀ ਸਿੱਖਿਅਤ ਕੀਤਾ ਜਾਂਦਾ ਹੈ ਜੋ ਅੱਜ ਤੱਕ ਨਜ਼ਰਅੰਦਾਜ਼ ਕੀਤੇ ਜਾਂਦੇ ਸਨ। ਇਸ ਸਿੱਖਿਆ ਨੂੰ ਪ੍ਰਵਾਨ ਚੜ੍ਹਾਉਣ ਲਈ ਅਧਿਆਪਕਾਂ ਨੂੰ ਵੀ ਧਿਆਨ ਦੇਣ ਦੀ ਜਰੂਰਤ ਹੈ। ਉਪਰੋਕਤ ਵਿਧੀਆਂ ਨੂੰ ਅਪਣਾ ਕੇ ਅਧਿਆਪਕ ਹਰ ਇੱਕ ਬੱਚੇ ਦੀ ਲੋੜ ਮੁਤਾਬਕ ਸਿੱਖਿਆ ਪ੍ਰਦਾਨ ਕਰ ਸਕਦਾ ਹੈ।

**1.2.8 ਪ੍ਰਸ਼ਨਾਵਲੀ:**

੧. ਸੰਮਲਿਤ ਸਿੱਖਿਆ ਤੋਂ ਕੀ ਭਾਵ ਹੈ? ਇਸ ਦੀਆਂ ਨੀਤੀਆਂ ਦੇ ਫਾਇਦਿਆਂ ਤੇ ਚਾਨਣਾ ਪਾਓ।

੨. ਸੰਮਲਿਤ ਸਿੱਖਿਆ ਵਿਧੀਆਂ ਬਾਰੇ ਵਿਸਥਾਰ ਸਹਿਤ ਲਿਖੋ।

੩. ਇੱਕ ਅਧਿਆਪਕ ਜਮਾਤ ਦਾ ਸੰਚਾਲਕ ਹੁੰਦਾ ਹੈ। ਸੰਮਲਿਤ ਸਿੱਖਿਆ ਦੇ ਸੰਦਰਭ ਵਿੱਚ ਅਧਿਆਪਨ ਤਕਨੀਕਾਂ ਨੂੰ ਬਿਆਨ ਕਰੋ।

੪. ਸੰਮਲਿਤ ਸਿੱਖਿਆ ਦੇ ਸੰਕਲਪ ਨੂੰ ਵਿਸਥਾਰ ਸਹਿਤ ਲਿਖੋ।

**1.2.9 ਹਵਾਲੇ:**


1. Singh, Agyajit; “Psychological Foundation of Education” Kalyani Publisher, Jalandhar
2. , S., & Shapiro, A. (2012). *Disability Studies and the Inclusive Classroom*. New York, NY: Routledge.
3. Biklen, D.2000. Constructing inclusion: Lessons from critical, disability narratives.International Journal on Inclusive Education, 4(4):337 –353.
4. Biklen, D., & Burke, J. (2006). Presuming competence. *Equity & Excellence in Education*, 39, 166-175.